# ਕੋਵਿਡ -19 ਦੌਰਾਨ K ਤੋਂ 12 ਸਿੱਖਆ

2020-21 ਸਕੂਲ ਸਾਲ ਦੇ ਦੌਰਾਨ ਵਿਦਿਆਰਥੀਆਂ ਲਈ ਮਾਰਗ ਦਰਸ਼ਨ ਅਤੇ ਯੋਜਨਾਵਾਂ

# ਨਜ਼ਰਸਾਨੀ

## ਸੂਬੇ ਭਰ ਵਿੱਚ ਲਾਜ਼ਮੀ ਪਾਬੰਦੀਆਂ- 30 ਨਵੰਬਰ ਤੋਂ ਸ਼ੁਰੂ

**ਗ੍ਰੇਡ 7-12 ਦੇ ਵਿਦਿਆਰਥੀ**

- ਸਰਦੀਆਂ ਦੀਆਂ ਛੁਟੀਆਂ* ਤੋਂ ਬਿਨਾਂ, 30 ਨਵੰਬਰ ਤੋਂ 11 ਜਨਵਰੀ  ਤੱਕ ਘਰ ਰਹਿ ਕੇ ਸਿੱਖਿਆ ਲਓ
- 11 ਜਨਵਰੀ ਤੋਂ ਵਿਅਕਤੀਗਤ ਹਾਜ਼ਰੀ ਦੀਆਂ ਜਮਾਤਾਂ ਫੇਰ ਤੋਂ ਸ਼ੁਰੂ
- ਡਿਪਲੋਮਾ ਪ੍ਰੀਖਿਆਵਾਂ ਸਕੂਲ ਦੇ ਰਹਿੰਦੇ ਸਾਲ ਦੌਰਾਨ ਵਿਕਲਪਿਕ ਹਨ। ਵਿਦਿਆਰਥੀ ਅਤੇ ਉਨ੍ਹਾਂ ਦੇ ਪਰਿਵਾਰ ਚੋਣ ਕਰ ਸਕਦੇ ਹਨ ਕਿ ਉਹ ਪ੍ਰੀਖਿਆ ਦੇਣਗੇ, ਜਾਂ ਫਿਰ ਜਨਵਰੀ, ਅਪ੍ਰੈਲ, ਜੂਨ ਅਤੇ ਅਗਸਤ 2021 ਦੀਆਂ ਪ੍ਰੀਖਿਆਵਾਂ ਤੋਂ ਛੋਟ ਪ੍ਰਾਪਤ ਕਰਨੀ ਹੈ।

**ਗ੍ਰੇਡ K-6 ਦੇ ਵਿਦਿਆਰਥੀ**

- ਇਸ ਵਿਚ ਛੋਟੇ ਬੱਚਿਆਂ ਦੀਆਂ ਸੇਵਾਵਾਂ ਸ਼ਾਮਲ ਹਨ
- ਨਿਰਧਾਰਤ ਸਰਦੀਆਂ ਦੀਆਂ ਛੁਟੀਆਂ ਸ਼ੁਰੂ ਹੋਣ ਤੱਕ  (ਆਮ ਤੌਰ ਤੇ ਦਿਸੰਬਰ 18 *) ਵਿਅਕਤੀਗਤ ਹਾਜ਼ਰੀ ਦੀ ਸਿੱਖਿਆ ਜਾਰੀ ਰੱਖੋ।
- ਸਰਦੀਆਂ ਦੀਆਂ ਛੁਟੀਆਂ ਖ਼ਤਮ ਹੋਣ ਤੋਂ ਬਾਅਦ 8 ਜਨਵਰੀ ਤੱਕ ਘਰ ਰਹਿ ਕੇ ਸਿੱਖਿਆ ਪ੍ਰਾਪਤ ਕਰੋ।
- 11 ਜਨਵਰੀ ਤੋਂ ਬਾਅਦ ਆਹਮੋਂ -ਸਾਹਮਣੇ ਦੀ ਸਿੱਖਿਆ ਜਾਰੀ ਰੱਖੋ।

*ਸਕੂਲਾਂ ਵਿਚ ਸਰਦੀਆਂ ਦੀਆਂ ਛੁੱਟੀਆਂ ਦਾ ਨਿਰਧਾਰਿਤ ਸਮਾਂ ਵੱਖਰਾ ਹੈ, ਵੇਰਵਿਆਂ ਲਈ ਆਪਣੇ ਸਕੂਲ ਨਾਲ ਸੰਪਰਕ ਕਰੋ

## ਅਪਾਹਜ ਵਿਦਿਆਰਥੀਆਂ ਅਤੇ ਆਊਟਰੀਚ ਪ੍ਰੋਗਰਾਮਾਂ ਦਾ ਸਮਰਥਨ ਕਰਨਾ

ਅਪਾਹਜ ਵਿਦਿਆਰਥੀ ਜਿਨ੍ਹਾਂ ਨੂੰ ਕਿਸੇ ਵੀ ਗ੍ਰੇਡ ਵਿੱਚ ਸਹਾਇਤਾ ਅਤੇ ਸੇਵਾਵਾਂ ਦੀ ਜਰੂਰਤ ਹੁੰਦੀ ਹੈ ਜਿਨ੍ਹਾਂ ਦੀਆਂ ਲੋੜਾਂ ਘਰ ਵਿਚ ਸਿਖਲਾਈ ਦੁਆਰਾ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਆਊਟ ਟਰੀਚ ਪ੍ਰੋਗਰਾਮਾਂ ਦੇ ਵਿਦਿਆਰਥੀ ਸਕੂਲ ਵਿਚ ਵਿਅਕਤੀਗਤ ਤੌਰ ਤੇ ਸਹਾਇਤਾ ਅਤੇ ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖ ਸਕਦੇ ਹਨ, ਭਾਵੇਂ ਕਿ ਸਰਦੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਤੇ ਬਾਅਦ ਵਿਚ ਘਰ ਵਿਚ ਸਿਖਿਆ ਲੈਣ ਦੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ।

- ਇਹ ਵਿਅਕਤੀਗਤ ਹਾਜ਼ਰੀ ਦੀ ਸਿੱਖਿਆ ਤੋਂ ਛੋਟ ਦੀ ਸਲਾਹ, ਸਿਹਤ ਦੀ ਚੀਫ ਮੈਡੀਕਲ ਅਫਸਰ ਦੀ ਸਲਾਹ ਤੇ ਅਧਾਰਤ ਸੀ।
- ਮਾਪਿਆਂ ਦੇ ਸਲਾਹ ਅਨੁਸਾਰ, ਸਕੂਲ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਅਪਾਹਜ ਵਿਦਿਆਰਥੀਆਂ ਨੂੰ ਲੋੜੀਂਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਦੇ ਰਹਿਣਗੇ।
- ਮਾਪਿਆਂ ਨੂੰ ਅਧਿਆਪਕ ਅਤੇ ਸਕੂਲ ਪ੍ਰਿੰਸੀਪਲ ਨਾਲ ਮਿਲ ਕੇ ਢੁਕਵੇਂ ਪ੍ਰਬੰਧਾਂ ਨਾਲ ਕੰਮ ਕਰਨਾ ਚਾਹੀਦਾ ਹੈ।

### ਸਕੂਲ ਸਟਾਫ ਲਈ ਕੰਮ ਦੇ ਪ੍ਰਬੰਧ

ਸਥਾਨਕ ਸਕੂਲ ਅਧਿਕਾਰੀ, ਕਰਮਚਾਰੀ ਹੋਣ ਦੇ ਨਾਤੇ, ਸਕੂਲ ਦੇ ਸਟਾਫ ਨੂੰ ਸਕੂਲ ਆ ਕੇ ਅਤੇ ਜਾਂ ਫਿਰ ਘਰ ਤੋਂ ਕੰਮ ਕਰਨਾ ਜਾਰੀ ਰੱਖਣ ਦੇ ਫ਼ੈਸਲਿਆਂ ਲਈ ਜ਼ਿੰਮੇਵਾਰ ਹਨ।

ਸਕੂਲ ਅਧਿਕਾਰੀਆਂ ਵੱਲੋਂ ਫੈਸਲਾ ਲੈਣ ਸਮੇਂ ਅਤੇ ਇਸ ਸੇਧ ਵਿਚ ਕੰਮ ਕਰਦੇ ਹੋਏ ਕਿੱਤਾਮੁੱਖ ਸਿਹਤ ਅਤੇ ਸੁਰੱਖਿਆ ਅਤੇ ਸੂਬਾਈ ਸਿਹਤ ਉਪਾਵਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ